# ਪ੍ਰਸਤਾਵਨਾ

*ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ||*
*ਓਇ ਅੰਮ੍ਰਿਤ ਭਰੇ ਭਰਪੂਰ ਹਹਿ*
*ਓਨਾ ਤਿਲੁ ਨ ਤਮਾਇ||*

ਸਾਧ ਸੰਗਤ ਜੀ ਇਕ ਦਿਨ ਅੰਮ੍ਰਿਤ ਵੇਲੇ ਪੂਜਯ ਪਿਤਾ ਜੀ ਨੇ ਆਪਣੇ ਪਾਸ ਬੁਲਾਇਆ| ਉਸ ਵੇਲੇ ਪਿਤਾ ਜੀ ਨੇ ਦਾਸ ਨਾਲ ਜੋ ਪਾਵਨ ਬਚਨ ਕੀਤੇ ਪਹਿਲੋਂ ਆਪ ਨਾਲ ਸਾਝੇਂ ਕਰਦਾ ਹਾਂ|

ਫੁਰਮਾਇਆ ਦੇਖੋ ਪੁੱਤ ਤੂੰ ਸਾਡੇ ਨਾਲ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਵਿੱਚ ਬੈਠ ਕੇ ਉਨ੍ਹਾਂ ਦੀ ਪਾਵਨ ਗੋਦ ਦਾ ਮਹਾਂ ਆਨੰਦ ਮਾਨਿਆ ਹੈ , ਉਨ੍ਹਾਂ ਦੇ ਪਾਵਨ ਚਰਨ ਕਮਲਾਂ ਦੀ ਛੂਹ ਪ੍ਰਾਪਤ ਕੀਤੀ ਹੈ ਅਤੇ ਉਨ੍ਹਾਂ ਦੇ ਪਾਵਨ ਮੁਖਾਰਬਿੰਦ ਤੋਂ ਅੰਮ੍ਰਿਤ ਬਚਨ ਸੁਣੇ ਹਨ| ਪੁੱਤ ਤੂੰ ਰੱਜ ਰੱਜ ਕੇ ਬਾਬਿਆਂ ਦੇ ਪਾਵਨ ਦਿਦਾਰੇ ਕੀਤੇ ਅਤੇ ਉਨ੍ਹਾਂ ਦੇ ਅਸਚਰਜ ਕੋਤਕ ਦੇਖੇ ਹਨ| ਬਾਬਾ ਨੰਦ ਸਿੰਘ ਸਾਹਿਬ ਜਿਸ ਵਿਲੱਖਨ ਵਾਤਾਵਰਣ ਵਿੱਚ ਵਿਚਰਦੇ ਸਨ ਉਸਦਾ ਰਜ ਰਜ ਕੇ ਅਨੰਦ ਮਾਣਿਆ ਹੈ ਪਿਤਾ ਜੀ ਫੁਰਮਾਉਣ ਲੱਗੇ ਕਿ ਪੁੱਤ ਤੇਰਾ ਬਾਬਿਆਂ ਦੇ ਚਰਨਾਂ ਨਾਲ ਉੱਚਾ ਤੇ ਸੁੱਚਾ ਪਿਆਰ ਅਤੇ

ਲਗਾਵ ਤੇਰੀਆਂ ਤਿੰਨੋਂ ਭੈਣਾ ਦੇ ਅਥਾਹ ਪ੍ਰੇਮ ਵਰਗਾ ਹੀ ਹੈ| ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਪਾਵਨ ਸ਼ਬਦ ਦੇ ਬਾਰੇ ਫੁਰਮਾਇਆ ਕਿ:

ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ||

ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ||

ਬਾਬਾ ਨੰਦ ਸਿੰਘ ਸਾਹਿਬ ਦੇ ਉਹ ਪਾਵਨ ਬਚਨ ਜਿਹੜਾ ਅੰਮ੍ਰਿਤ ਰਸ ਉਨ੍ਹਾਂ ਦੀ ਪਾਵਨ ਰਸਨਾ ਤੋਂ ਉਤਰਿਆ ਹੈ ਅਤੇ ਅੰਮ੍ਰਿਤ ਦ੍ਰਿਸ਼ਟੀ ਚੋਂ ਵਰਸਿਆ ਹੈ ਉੱਸੇ ਅੰਮ੍ਰਿਤ ਪ੍ਰਕਾਸ਼ ਦੇ ਤੁਸੀ ਅਸਚਰਜ ਕੋਤਕ ਦੇਖੇ ਹਨ ਉਸ ਅੰਮ੍ਰਿਤ ਬਾਰੇ ਕਿਸੇ ਨੂੰ ਪਤਾ ਸੀ ਕਿ ਬਾਬਿਆਂ ਨੇ ਕਿਸ ਪਰਥਾਏ ਉਹ ਅੰਮ੍ਰਿਤ ਬਚਨ ਕੀਤੇ ਹਨ ਕਿਉਂਕਿ ਉਹ ਅੰਮ੍ਰਿਤ ਜਿਹੜਾ ਨਿਰੰਕਾਰ ਦਾ ਅੰਮ੍ਰਿਤ ਸਰੂਪ ਹੈ, ਨਿਰੰਕਾਰ ਦਾ ਪ੍ਰਕਾਸ਼ ਸਰੂਪ ਹੈ ਉਹ ਨਿਰੰਕਾਰ ਦੇ ਸਾਰੇ ਬਚਿਆਂ ਦਾ ਸਾਂਝਾ ਹੈ| ਬਾਬਾ ਨੰਦ ਸਿੰਘ ਸਾਹਿਬ ਪੂਰਨ ਤੌਰ ਤੇ ਬੇਮੁਹਤਾਜ, ਬੇਪਰਵਾਹ ਅਤੇ ਇਕ ਤਿੱਲ ਦੀ ਤਮਾ ਨਾ ਰਖਣ ਵਾਲੇ ਜਿਸ ਤਰ੍ਹਾਂ ਉਹ ਨਿਰੰਕਾਰ ਪਰਾਇਣ ਸਨ ਉਨ੍ਹਾਂ ਨੇ ਲੇਸ ਮਾਤਰ ਵੀ ਮਾਣ ਆਪਣੇ ਉਪਰ ਨਹੀਂ ਲਿਆ, ਜਿਸ ਅੰਮ੍ਰਿਤ ਦੀ ਬਾਬਾ ਨੰਦ ਸਿੰਘ ਸਾਹਿਬ ਉਸ ਵੇਲੇ ਵਰਖਾ ਕਰਦੇ ਸਨ ਉਹ ਵਰਖਾ ਕਿਸ ਪਰਥਾਏ ਹੋਈ ਹੈ ਕਿ ਪੁੱਤ ਇਸ ਅੰਮ੍ਰਿਤ ਨੂੰ ਨਿਰੰਕਾਰ ਦੇ ਸਾਰੇ ਬੱਚਿਆਂ ਤੱਕ (ਸਮੁੱਚੇ ਸੰਸਾਰ ਤਕ) ਪਹੁੰਚਾਣਾ ਸਾਡੀ ਪਰਮ ਸੇਵਾ ਬਨਦੀ ਹੈ, ਕਿਉਂਕਿ ਇਹ ਅੰਮ੍ਰਿਤ ਪ੍ਰਕਾਸ਼ ਨਿਰੰਕਾਰ ਦੇ ਸਾਰੇ ਬੱਚਿਆਂ ਦੀ ਸਾਂਝੀ ਵਿਰਾਸਤ ਹੈ|

ਜਿਸ ਵੈਰਾਗ ਵਿੱਚ ਪਿਤਾ ਜੀ ਨੇ ਬਚਨ ਕੀਤੇ ਉਸ ਵੈਰਾਗ

ਵਿੱਚ ਉਨ੍ਹਾਂ ਦੇ ਪਿਆਰ ਭਰੇ ਹੰਝੂਆਂ ਦੀ ਅੰਮ੍ਰਿਤਧਾਰਾ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਤੇ ਵਹਿ ਰਹੀ ਸੀ| ਉਹ ਪਿਆਰ ਭਰੇ ਹੰਝੂਆਂ ਦਾ ਸਦਕਾ ਹੀ ਇਕ ਸ਼ੁਰੂਆਤ ਤੇ ਆਰੰਭਤਾ ਸੀ ਇਕ ਵੈਰਾਗਮਈ ਗੁਰੂ ਨਾਨਕ ਦਾਤਾ ਬਖਸ਼ ਲੈ ਮਿਸ਼ਨ ਦੀ ਤੇ ਸਾਹਿਬ ਦੇ ਚਰਨ ਕਮਲਾਂ ਵਿੱਚ ਪੂਜਯ ਪਿਤਾ ਜੀ ਦੀ ਵਿਨੰਮਰ ਤੇ ਸਦੀਵੀ ਡੰਡੌਤ ਬੰਦਨਾ ਦੀ |

*ਦਾਸਨ ਦਾਸ*

*ਪ੍ਰਤਾਪ ਸਿੰਘ*
*203, ਸੈਕਟਰ 33 ਏ*
*ਚੰਡੀਗੜ੍ਹ*

# 1

# ਜੋ ਹਮ ਕੋ ਪਰਮੇਸੁਰ ਉਚਰਿ ਹੈਂ

# Jo Hum Ko Parmesar Uchar Hai

*ਪਿਤਾ ਜੀ ਇੱਕ ਦਿਨ ਕਹਿਣ ਲੱਗੇ ਕਿ ਪ੍ਰੇਮ ਦਾ ਨਿਖਾਰ ਕੀ ਹੈ? ਪ੍ਰੇਮ ਦਾ ਸਾਰ ਰਸ ਕੀ ਹੈ ? ਪ੍ਰੇਮ ਦੇ ਅਰਥ ਕੀ ਹਨ ? ਪ੍ਰੇਮ ਦੀ ਅਸਲ ਰੂਪ ਰੇਖਾ ਕੀ ਹੈ ? ਫਿਰ ਆਪ ਹੀ ਜਵਾਬ ਦੇ ਕੇ ਕਹਿਣ ਲੱਗੇ ਕਿ ਪ੍ਰੇਮ ਦਾ ਸਾਰ ਰਸ ਵੀ ਬਲੀਦਾਨ ਹੈ, ਪ੍ਰੇਮ ਦਾ ਨਿਖਾਰ ਵੀ ਬਲੀਦਾਨ ਹੈ, ਪ੍ਰੇਮ ਦੀ ਰੂਪ ਰੇਖਾ ਵੀ ਬਲੀਦਾਨ ਹੈ, ਪ੍ਰੇਮ ਦੇ ਅਰਥ ਵੀ ਬਲੀਦਾਨ ਹਨ |*

## ਇੱਕ ਅਨੁਭਵੀ ਦਰਵੇਸ ਨੂੰ ਅੱਲਾ ਦੇ ਨੂਰ ਦਾ ਸੱਭ ਤੋਂ ਪਹਿਲਾ ਪ੍ਰਕਾਸ਼

ਜੋ ਹਮ ਕੋ ਪਰਮੇਸੁਰ ਉਚਰਿ ਹੈਂ ||
ਤੇ ਸਭ ਨਰਕਿ ਕੁੰਡ ਮਹਿ ਪਰਿ ਹੈਂ ||

*ਗੁਰੂ ਗੋਬਿੰਦ ਸਿੰਘ ਸਾਹਿਬ*

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ||
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1395)*

ਜਿਸ ਵਕਤ ਵੀ ਉਹ ਕੋਈ ਕਲਾ ਖੇਡਦਾ ਹੈ ਉਸ ਵੇਲੇ ਨਿਰੰਕਾਰ, ਆਕਾਰ ਸਰੂਪ, ਸਾਕਾਰ ਸਰੂਪ ਵਿੱਚ, ਇਸ ਜਗਤ ਵਿੱਚ ਜਦੋਂ ਕੋਈ ਖੇਡ ਰਚਦਾ ਹੈ, ਸਾਧ ਸੰਗਤ ਜੀ ਉਸ ਦਾ ਪ੍ਰਕਾਸ਼ ਕੋਈ ਅਨੁਭਵੀ ਮਹਾਂਪੁਰਸ਼ ਹੀ ਉਸ ਚੀਜ਼ ਨੂੰ ਪਕੜ ਸਕਦਾ ਹੈ | ਦਸ਼ਮੇਸ਼ ਪਿਤਾ ਜਿਸ ਵਕਤ ਇਸ ਮਾਤਲੋਕ ਦੇ ਵਿੱਚ ਤਸ਼ਰੀਫ ਲਿਆਉਂਦੇ ਹਨ | ਪੀਰ ਭੀਖਣ ਸ਼ਾਹ ਨੇ ਉਸ ਪਾਸੇ ਸੱਜਦਾ

ਕੀਤਾ ਹੈ | ਮੁਰੀਦ ਪੁੱਛਦੇ ਹਨ ਕਿ ਪੀਰ ਸਾਹਿਬ ਅੱਜ ਉਲਟੇ ਪਾਸੇ ਸਜਦਾ ਕਰ ਰਹੇ ਹੋ | ਪੀਰ ਸਾਹਿਬ ਫੁਰਮਾਉਂਦੇ ਹਨ ਕਿ ਅੱਲਾ ਦਾ ਨੂਰ ਪ੍ਰਗਟ ਹੋਇਆ ਹੈ | ਜਿਸ ਪਾਸੇ ਉਹ ਪ੍ਰਕਾਸ਼ ਨਜ਼ਰ ਆਇਆ ਸੀ ਉਸ ਪਾਸੇ ਤੁਰ ਪਏ ਹਨ | ਦੋ ਕਟੋਰੇ ਦੁੱਧ ਦੇ ਭਰੇ ਹੋਏ ਅੱਗੇ ਰੱਖ ਦਿੱਤੇ ਹਨ | ਉਸ ਰੱਬੀ ਬਾਲ ਨੇ ਅਪਣੇ ਦੋਵੇਂ ਮਾਸੂਮ ਨਿਰਮਲ ਤੇ ਪ੍ਰੇਮਮਈ ਪਾਵਨ ਹੱਥ ਦੋਵੇਂ ਕਟੋਰਿਆਂ ਉੱਤੇ ਰੱਖ ਦਿੱਤੇ ਹਨ |

ਸਾਧ ਸੰਗਤ ਜੀ ਅਸ਼-ਅਸ਼ ਕਰ ਉੱਠੇ ਹਨ ਪੀਰ ਭੀਖਣ ਸ਼ਾਹ, ਅੱਲਾ ਦਾ ਨੂਰ ਆਇਆ ਹੈ ਉਹ ਸਭ ਦਾ ਸਾਂਝਾ ਹੈ | ਇਸ ਦੀ ਰੋਸ਼ਨੀ ਸਭ ਦੀ ਸਾਂਝੀ ਹੈ ਤੇ ਉਹ ਨੂਰ, ਜਿਸ ਨੂਰ ਤੋਂ ਇੱਕ ਕਤਰਾ ਲੈ ਕੇ ਸਭ ਚੀਜ਼ਾਂ ਚਮਕ ਰਹੀਆਂ ਹਨ, ਕਦੇ ਉਹ ਸਾਂਝਾ ਨਹੀਂ ਹੋਵੇਗਾ? ਸਾਧ ਸੰਗਤ ਜੀ ਸਾਰੀ ਮਨੁੱਖਤਾ ਦਾ ਸਾਂਝਾ ਪੀਰ ਉਸ ਦਿਨ ਪ੍ਰਗਟ ਹੋਇਆ ਹੈ | ਗੁਰੂ ਗੋਬਿੰਦ ਸਿੰਘ ਸਾਹਿਬ ਦੀ ਵਡਿਆਈ ਨੂੰ ਬਿਆਨ ਕਰਨਾ ਅਸੰਭਵ ਹੈ | ਸਾਧ ਸੰਗਤ ਜੀ ਇਹ ਤਿੰਨ ਸੌ ਸਾਲਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਵਸ, ਇੱਕ ਮਹਾਨ ਸ਼ਤਾਬਦੀ ਸਾਡੇ ਸਾਹਮਣੇ ਪ੍ਰਕਾਸ਼ਮਈ ਹੈ | ਸਾਹਿਬ ਦੇ ਚਰਨਾਂ ਵਿੱਚ ਇੱਕ ਵਿਨੰਮਰ ਸ਼ਰਧਾਂਜਲੀ ਦਾ ਇੱਕ ਨਿਮਾਣਾ ਜਿਹਾ ਯਤਨ ਹੈ |

ਇਹ ਬਿਧਿ ਕਰਤ ਤਪੱਸਿਆ ਭਯੋ |

ਦ੍ਵੈ ਤੇ ਏਕ ਰੂਪ ਹ੍ਵੈ ਗਯੋ |

ਦਸਮੇਸ਼ ਪਿਤਾ ਆਪਣੀ ਜਨਮ ਕਥਾ ਵਿੱਚ ਫੁਰਮਾਉਂਦੇ ਹਨ | "ਦ੍ਵੈ ਤੇ ਏਕ ਰੂਪ ਹ੍ਵੈ ਗਯੋ":

ਨਿਰੰਕਾਰ ਨਾਲ ਇੱਕ ਹੋ ਗਏ ਹਨ | ਸੱਚੇ ਪਾਤਸ਼ਾਹ ਉਸ

ਜਗ੍ਹਾ ਦੇ ਬਾਰੇ ਦੱਸਦੇ ਹਨ। 'ਹੇਮਕੁੰਟ ਪਰਬਤ ਹੈ ਜਹਾਂ'। ਜਿੱਥੇ ਘਟਨਾਂ ਵਰਤਦੀ ਹੈ ਜਿਸ ਜੁਗ ਦੇ ਵਿੱਚ ਵੀ ਵਰਤਦੀ ਹੈ ਇਹ ਘਟਨਾਂ ਜਦੋਂ ਨਿਰੰਕਾਰ ਦੇ ਨਾਲ ਉਸ ਮਹਾਨ ਪ੍ਰੇਮ ਤਪੱਸਵੀ ਦਾ ਪ੍ਰੇਮ ਇੱਕ ਹੋ ਜਾਂਦਾ ਹੈ, ਅਤੇ ਉਹ ਅਸਥਾਨ ਸੰਸਾਰ ਦਾ ਇੱਕ ਮਹਾਨ ਤੀਰਥ ਬਣ ਜਾਂਦਾ ਹੈ ਅਤੇ ਇੱਕ ਪੂਜਾ ਸਥੱਲ ਬਣ ਜਾਂਦਾ ਹੈ। ਉਸ ਅਸਥਾਨ ਦੀ ਧਰਤੀ ਦੀ ਧੂੜ ਨੂੰ ਲੈਣ ਵਾਸਤੇ, ਮਸਤਕ ਤੇ ਲਾਉਣ ਵਾਸਤੇ ਸੰਸਾਰ ਤਰਸਦਾ ਹੈ। ਇੱਕ ਮਹਾਨ ਅਸਚਰਜ ਲੀਲ੍ਹਾ ਹੈ, ਜਿਹੜੀ ਉਸ ਸਮੇਂ ਵਰਤਦੀ ਹੈ ਪਰ ਸਾਧ ਸੰਗਤ ਜੀ ਇਹ ਤਾਂ ਉਸ ਵੇਲੇ ਵਰਤਦੀ ਹੈ ਜਦੋਂ ਦੋ ਤੋਂ ਇੱਕ ਹੁੰਦੇ ਹਨ ਪਰ ਜਿਸ ਵਕਤ ਇੱਕ ਤੋਂ ਦੋ ਹੁੰਦੇ ਹਨ।

ਜਿਉ ਤਿਉ ਪ੍ਰਭ ਹਮ ਕੋ ਸਮਝਾਯੋ॥

ਇਮ ਕਹਿ ਕੇ ਇਹ ਲੋਕਿ ਪਠਾਯੋ॥

ਮੈ ਅਪਨਾ ਸੁਤ ਤੋਹਿ ਨਿਵਾਜਾ ॥

ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ॥

ਜਾਹਿ ਤਹਾ ਤੇ ਧਰਮੁ ਚਲਾਇ ॥

ਕਬੁਧਿ ਕਰਨ ਤੇ ਲੋਕ ਹਟਾਇ ॥

ਹੁਣ ਸੱਚੇ ਪਾਤਸ਼ਾਹ ਇੱਕ ਤੋਂ ਦੋ ਹੋ ਰਹੇ ਹਨ।

ਚਿਤ ਨ ਭਯੋ ਹਮਰੋ ਆਵਨ ਕਹਿ ॥

ਚੁਭੀ ਰਹੀ ਸ੍ਰਤਿ ਪ੍ਰਭੁ ਚਰਨਨ ਮਹਿ ॥

ਨਿਰੰਕਾਰ ਵਿੱਚੋਂ ਨਿਕਲ ਕੇ ਬਾਹਰ ਮਾਤ ਲੋਕ, ਕਲਿਜੁਗ

ਵਿੱਚ ਅਵਤਾਰ ਧਾਰਨ ਤੇ ਚਿੱਤ ਨਹੀਂ ਕਰਦਾ| ਜਦੋਂ ਇੱਕ ਤੋਂ ਦੋ ਹੁੰਦੇ ਹਨ ਤੇ ਉਸ ਵੇਲੇ ਕੀ ਹੁੰਦਾ ਹੈ ? ਜਿਸ ਜੁਗ ਦੇ ਵਿੱਚ ਵੀ ਨਿਰੰਕਾਰ ਇੱਕ ਤੋਂ ਦੋ ਹੋ ਕੇ ਵਰਤਦਾ ਹੈ | ਜਦੋਂ ਨਿਰੰਕਾਰ ਤੋਂ ਨਿਰੰਕਾਰ ਨਿਕਲ ਕੇ ਦੁਨੀਆਂ ਵਿੱਚ, ਇਸ ਜੁਗ ਵਿੱਚ ਆਉਂਦਾ ਹੈ ਉਸ ਵੇਲੇ ਇੱਕ ਜਵਾਰ ਭਾਟਾ ਭੜਕਦੀ ਹੈ ਜਿਹੜੀ ਸੱਤੇ ਸਮੁੰਦਰਾ ਨੂੰ ਹੀ ਨਹੀਂ, ਇਸ ਸਾਰੇ ਸੰਸਾਰ ਨੂੰ ਨਹੀਂ ਬਲਕਿ ਸਾਰੇ ਜੁਗ ਨੂੰ ਝੰਜੋੜ ਕੇ ਰੱਖ ਦਿੰਦੀ ਹੈ ਐਸੀ ਘਟਨਾ ਵਰਤਦੀ ਹੈ | ਸਾਧ ਸੰਗਤ ਜੀ ਇੱਕ ਐਸਾ ਜ਼ਲਜ਼ਲਾ ਅਤੇ ਤੁਫਾਨ ਆਉਂਦਾ ਹੈ ਜਿਸ ਵਕਤ ਇੱਕ ਤੋਂ ਦੋ ਹੋ ਕੇ ਵਰਤਦਾ ਹੈ |

ਅਬ ਮੈਂ ਅਪਨੀ ਕਥਾ ਬਖਾਨੋ ||

ਤਪ ਸਾਧਤ ਜਿਹ ਬਿਧਿ ਮੁਹਿ ਆਨੋ ||

ਹੇਮ ਕੁੰਟ ਪਰਬਤ ਹੈ ਜਹਾਂ ||

ਸਪਤਸ੍ਰਿੰਗ ਸੋਭਿਤ ਹੈ ਤਹਾਂ ||

ਸਪਤ ਸ੍ਰਿੰਗ ਤਿਹ ਨਾਮੁ ਕਹਾਵਾ ||

ਪੰਡੁ ਰਾਜ ਜਹ ਜੋਗੁ ਕਮਾਵਾ ||

ਤਹ ਹਮ ਅਧਿਕ ਤਪੱਸਿਆ ਸਾਧੀ ||

ਮਹਾਕਾਲ ਕਾਲਕਾ ਅਰਾਧੀ ||

ਇਹ ਬਿਧਿ ਕਰਤ ਤਪੱਸਿਆ ਭਯੋ ||

ਦ੍ਵੈ ਤੇ ਏਕ ਰੂਪ ਹ੍ਵੈ ਗਯੋ ||

ਤਾਤ ਮਾਤ ਮੁਰ ਅਲਖ ਅਰਾਧਾ ||

ਬਹੁ ਬਿਧਿ ਜੋਗ ਸਾਧਨਾ ਸਾਧਾ ||
ਤਿਨ ਜੋ ਕਰੀ ਅਲਖ ਕੀ ਸੇਵਾ ||
ਤਾ ਤੇ ਭਏ ਪ੍ਰਸੰਨਿ ਗੁਰਦੇਵਾ ||
ਤਿਨ ਪ੍ਰਭ ਜਬ ਆਇਸੁ ਮੁਹਿ ਦੀਆ||
ਤਬ ਹਮ ਜਨਮ ਕਲੂ ਮਹਿ ਲੀਆ||
ਚਿਤ ਨ ਭਯੋ ਹਮਰੋ ਆਵਨ ਕਹਿ||
ਚੁਭੀ ਰਹੀ ਸ੍ਰਤਿ ਪ੍ਰਭੁ ਚਰਨਨ ਮਹਿ||
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ||
ਇਮ ਕਹਿ ਕੇ ਇਹ ਲੋਕ ਪਠਾਯੋ||
ਮੈਂ ਅਪਨਾ ਸੁਤ ਤੋਹਿ ਨਿਵਾਜਾ ||
ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ||
ਜਾਹਿ ਤਹਾ ਤੈ ਧਰਮੁ ਚਲਾਇ ||
ਕਬੁਧਿ ਕਰਨ ਤੇ ਲੋਕ ਹਟਾਇ ||
ਠਾਢ ਭਯੋ ਮੈਂ ਜੋਰਿ ਕਰ ਬਚਨ ਕਹਾ ਸਿਰ ਨਯਾਇ||
ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ ||
ਇਹ ਕਾਰਨਿ ਪ੍ਰਭ ਮੋਹਿ ਪਠਾਯੋ ||
ਤਬ ਮੈ ਜਗਤਿ ਜਨਮੂ ਧਰਿ ਆਯੋ ||
ਜਿਮ ਤਿਨ ਕਹੀ ਤਿਨੈ ਤਿਮ ਕਹਿ ਹੋਂ||
ਅਉਰ ਕਿਸੂ ਤੇ ਬੈਰ ਨ ਗਹਿ ਹੋਂ ||

ਜੋ ਹਮ ਕੋ ਪਰਮੇਸਰ ਉਚਰਿ ਹੈਂ ||
ਤੇ ਸਭ ਨਰਕਿ ਕੁੰਡ ਮਹਿ ਪਰਿ ਹੈਂ ||
ਮੋ ਕੋ ਦਾਸੁ ਤਵਨ ਕਾ ਜਾਨੋ ||
ਯਾ ਮੈਂ ਭੇਦੁ ਨ ਰੰਚ ਪਛਾਨੋ ||
ਮੈਂ ਹੋ ਪਰਮ ਪੁਰਖ ਕੋ ਦਾਸਾ ||
ਦੇਖਨਿ ਆਯੋ ਜਗਤ ਤਮਾਸਾ ||
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌ ||
ਮ੍ਰਿਤ ਲੋਕ ਤੇ ਮੋਨਿ ਨ ਰਹਿ ਹੌ ||

## ਪਟਨਾ ਸਹਰ ਬਿਖੈ ਭਵ ਲਯੋ

ਸਾਧ ਸੰਗਤ ਜੀ ਜਦੋਂ ਨਿਰੰਕਾਰ ਦੇ ਵਿੱਚੋਂ, ਉਸ ਪ੍ਰਕਾਸ਼ ਦੇ ਵਿੱਚੋਂ, ਜਦੋਂ ਇੱਕ ਤੋਂ ਦੋ ਹੁੰਦੇ ਹਨ | ਜਿਸ ਤਰ੍ਹਾਂ ਦਸ਼ਮੇਸ਼ ਪਿਤਾ ਨੇ ਪਹਿਲੇ ਹੀ ਫੁਰਮਾਇਆ ਹੈ 'ਦ੍ਵੈ ਤੇ ਏਕ ਰੂਪ ਹ੍ਵੈ ਗਯੋ || ਫਿਰ ਜਿਸ ਵਕਤ ਉਨ੍ਹਾਂ ਨੇ ਫੁਰਮਾਇਆ ਪ੍ਰਭੂ ਦੇ ਹੁਕਮ ਨਾਲ ਫਿਰ ਇਸ ਕਲਿਜੁਗ ਦੇ ਵਿੱਚ ਅਸੀਂ ਜਨਮ ਲਿਆ ਹੈ | ਚਿੱਤ ਨਹੀਂ ਕਰਦਾ ਸੀ ਉਥੋਂ ਆਉਣ ਵਾਸਤੇ ਪਰ ਨਿਰੰਕਾਰ ਨੇ ਇਸ ਧਰਮ ਨੂੰ ਚਲਾਉਣ ਵਾਸਤੇ ਹੁਕਮ ਦਿੱਤਾ | ਸਾਧ ਸੰਗਤ ਜੀ ਜਿਸ ਵਕਤ ਵੀ ਉਸ ਪ੍ਰਕਾਸ਼ ਦੇ ਵਿੱਚੋਂ ਨਾਮ ਤੇ ਰੂਪ ਲੈ ਕੇ ਪ੍ਰਗਟ ਹੁੰਦਾ ਹੈ ਉਸ ਵੇਲੇ ਉਹ, ਨਾਮ ਤੇ ਰੂਪ ਦੇ ਨਾਲ ਹੀ ਫਿਰ ਐਸੀ ਪ੍ਰੇਮ ਲੀਲ੍ਹਾ ਰਚ ਦਿੰਦਾ ਹੈ, ਉਸ ਧਰਮ ਦੇ ਵਾਸਤੇ ਗਾਡੀ ਰਾਹ ਬਣਾ ਦਿੰਦਾ ਹੈ | ਉਸ ਪ੍ਰੇਮ ਲੀਲ੍ਹਾ ਨੂੰ

ਰਚਣ ਦਾ ਜਿਹੜਾ ਵੱਡਾ ਮਨੋਰਥ ਹੈ, ਸੰਕਲਪ ਹੈ ਉਹ ਹੈ ਕਿ ਉਸ ਪ੍ਰੇ੍ਮ ਤੋਂ ਪ੍ਰੇਰਨਾ ਲੈ ਕੇ, ਉਸ ਪ੍ਰੇਮ ਤੋਂ ਅਗਵਾਹੀ ਲੈ ਕੇ ਉਸ ਪ੍ਰੇਮ ਦਾ ਪ੍ਰਕਾਸ਼ ਲੈ ਕੇ, ਇਹ ਸੰਸਾਰ, ਨਿਰੰਕਾਰ ਵੱਲ ਤੁਰ ਪੈਂਦਾ ਹੈ | ਦਸ਼ਮੇਸ਼ ਪਿਤਾ ਆਪਣੀ ਬਾਣੀ ਵਿੱਚ ਆਪ ਹੀ ਫ਼ੁਰਮਾਉਂਦੇ ਹਨ ਕਿ ਕਿਹੜੀ ਜਗ੍ਹਾ ਉਨ੍ਹਾਂ ਦਾ ਪ੍ਰਕਾਸ਼ ਹੋਇਆ|

ਤਹੀ ਪ੍ਰਕਾਸ ਹਮਾਰਾ ਭਯੋ ||

ਪਟਨਾ ਸਹਰ ਬਿਖੈ ਭਵ ਲਯੋ ||

ਪਟਨਾ ਸਾਹਿਬ ਤਸ਼ਰੀਫ ਲਿਆਏ ਹਨ | ਗੁਰੂ ਗੋਬਿੰਦ ਸਿੰਘ ਸਾਹਿਬ ਇੱਕ ਨਾਮ ਤੇ ਰੂਪ ਲੈ ਕੇ ਆਏ ਹਨ | ਸਾਧ ਸੰਗਤ ਜੀ ਇੱਕ ਐਸੀ ਪ੍ਰੇਮ ਦੀ ਜੋਤ ਉੱਥੇ ਜਗਾ ਦਿੱਤੀ ਹੈ | ਬੜੇ-ਬੜੇ ਕੌਤਕ ਹੋ ਰਹੇ ਹਨ, ਬੜੇ-ਬੜੇ ਖੇਡ, ਖੇਡ ਰਹੇ ਹਨ ਪਰ ਸਾਹਿਬ ਦੇ ਉਸ ਮਿਸ਼ਨ ਦਾ ਅਸਲ ਪ੍ਰੋਗਰਾਮ ਫਿਰ ਸ਼ੁਰੂ ਹੁੰਦਾ ਹੈ|

ਮੁਰ ਪਿਤ ਪੂਰਬਿ ਕਿਯਸਿ ਪਯਾਨਾ ||

ਭਾਂਤਿ ਭਾਂਤਿ ਕੇ ਤੀਰਥਿ ਨਾਨਾ||

ਜਬ ਹੀ ਜਾਤ ਤ੍ਰਿਬੇਣੀ ਭਏ ||

ਪੁੰਨ ਦਾਨ ਦਿਨ ਕਰਤ ਬਿਤਾਏ ||

ਤਹੀ ਪ੍ਰਕਾਸ ਹਮਾਰਾ ਭਯੋ ||

ਪਟਨਾ ਸਹਰ ਬਿਖੈ ਭਵ ਲਯੋ ||

ਮੱਦ੍ਰ ਦੇਸ ਹਮ ਕੋ ਲੇ ਆਏ ||

ਭਾਂਤਿ ਭਾਂਤਿ ਦਾਈਅਨਿ ਦੁਲਰਾਏ ||

ਕੀਨੀ ਅਨਿਕ ਭਾਂਤਿ ਤਨ ਰੱਛਾ ||
ਦੀਨੀ ਭਾਂਤਿ ਭਾਂਤਿ ਕੀ ਸਿੱਛਾ||
ਜਬ ਹਮ ਧਰਮ ਕਰਮ ਮੋ ਆਏ ||
ਦੇਵ ਲੋਕ ਤਬ ਪਿਤਾ ਸਿਧਾਏ ||

# ਪ੍ਰੇਮ ਦਾ ਨਿਖਾਰ ਕੀ ਹੈ ?

ਪਰ ਸਾਧ ਸੰਗਤ ਜੀ ਕਮਾਲ ਹੋ ਗਈ | 9 ਸਾਲ ਦੀ ਆਯੂ ਵਿੱਚ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਤੇ ਬਿਰਾਜਮਾਨ ਹੁੰਦੇ ਹਨ ਅਤੇ 33 ਸਾਲ ਦੀ ਆਯੂ ਦੇ ਵਿੱਚ ਇਹ ਪਰਚਾ ਪਾਇਆ ਹੈ | 24 ਸਾਲ ਉਸ ਸੰਗਤ ਨੇ ਦਸ਼ਮੇਸ਼ ਪਿਤਾ ਦੇ ਬੜੇ ਅਨੋਖੇ ਖੇਡ ਦੇਖੇ ਹਨ | ਉਨ੍ਹਾਂ ਦੀ ਉਹ ਪ੍ਰੇਮ ਲੀਲ੍ਹਾ ਦੇਖੀ ਹੈ ਪਰ ਉਸ ਪ੍ਰੇਮ ਦੇ ਪਰਚੇ ਵਿੱਚ ਫਿਰ ਪਾਸ ਕੌਣ ਹੁੰਦਾ ਹੈ ?

ਪਿਤਾ ਜੀ ਇੱਕ ਦਿਨ ਕਹਿਣ ਲੱਗੇ ਕਿ ਪ੍ਰੇਮ ਦਾ ਨਿਖਾਰ ਕੀ ਹੈ? ਪ੍ਰੇਮ ਦਾ ਸਾਰ ਰਸ ਕੀ ਹੈ ? ਪ੍ਰੇਮ ਦੇ ਅਰਥ ਕੀ ਹਨ ? ਪ੍ਰੇਮ ਦੀ ਅਸਲ ਰੂਪ ਰੇਖਾ ਕੀ ਹੈ ? ਫਿਰ ਆਪ ਹੀ ਜਵਾਬ ਦੇ ਕੇ ਕਹਿਣ ਲੱਗੇ ਕਿ ਪ੍ਰੇਮ ਦਾ ਸਾਰ ਰਸ ਵੀ ਬਲੀਦਾਨ ਹੈ, ਪ੍ਰੇਮ ਦਾ ਨਿਖਾਰ ਵੀ ਬਲੀਦਾਨ ਹੈ, ਪ੍ਰੇਮ ਦੀ ਰੂਪ ਰੇਖਾ ਵੀ ਬਲੀਦਾਨ ਹੈ, ਪ੍ਰੇਮ ਦੇ ਅਰਥ ਵੀ ਬਲੀਦਾਨ ਹਨ |

ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਕਿ ਜਿਹੜਾ ਵੀ, ਸਾਹਿਬ ਸਤਿਗੁਰੂ ਨਾਲ ਪ੍ਰੇਮ ਕਰਦਾ ਹੈ ਉਸ ਨੇ ਦੇਣਾ ਹੀ ਦੇਣਾ ਹੈ ਲੈਣਾ ਕੁੱਝ ਨਹੀਂ| ਪਿਤਾ ਜੀ ਨੇ ਫੁਰਮਾਇਆ ਕਿ ਬਾਬਾ ਨੰਦ ਸਿੰਘ ਸਾਹਿਬ ਨੇ ਸਾਨੂੰ ਇਸ ਤਰ੍ਹਾਂ ਸਮਝਾਇਆ

ਕਿ ਪ੍ਰੇਮ ਦੇ ਵਿੱਚ ਪ੍ਰੇਮੀ ਤੇ ਪ੍ਰੇਮ ਦੋਨੋਂ ਹੀ ਅਲੋਪ ਹੋ ਜਾਂਦੇ ਹਨ, ਰਹਿੰਦਾ ਸਿਰਫ ਪਿਆਰ ਹੈ | 'ਮੈ' ਤਾਂ ਰਹਿੰਦੀ ਹੀ ਨਹੀਂ ਰਹਿੰਦਾ ਕੋਣ ਹੈ | ਸਿਰਫ 'ਤੂੰ'| ਉਸ ਵੇਲੇ ਜਿਸ ਪ੍ਰੇਮ ਦਾ ਪਰਚਾ ਪਾਇਆ ਹੈ ਉਸ ਵੇਲੇ ਉੱਠੇ ਕੌਣ ਹਨ ? ਭਾਈ ਦਇਆ ਰਾਮ ਜੀ ਜਿਹੜੇ ਉਸ ਸੰਗਤ ਦੇ ਜੋੜੇ ਸਾਫ ਕਰਦੇ ਸਨ | ਸਿੱਧੇ ਆਪਣੇ ਪਰਮ ਲਕਸ਼ ਵੱਲ ਤੁਰ ਪਏ ਹਨ | ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਪ੍ਰੇਮ ਕਰਦੇ ਹਨ | ਆਪਣੇ ਸਾਹਿਬ ਸਤਿਗੁਰੂ ਨਾਲ ਨਿਰਮਲ ਤੇ ਨਿਰੋਲ ਪ੍ਰੇਮ ਕਰਦੇ ਹਨ | ਉਹ ਪ੍ਰੇਮੀ ਕਿਹੜਾ ਪ੍ਰੇਮ ਆਪਣੇ ਅੰਦਰ ਛੁਪਾਈ ਬੈਠਾ ਹੈ, ਲੁਕਾਈ ਬੈਠਾ ਹੈ, ਉਸ ਨਿਰਮਲ ਤੇ ਨਿਰੋਲ ਪਿਆਰ ਦੇ ਵਿੱਚ ਅਡੋਲ ਤੁਰਿਆ ਜਾ ਰਿਹਾ ਹੈ | ਆਪਣਾ ਸੀਸ ਝੁਕਾ ਕੇ ਕਹਿੰਦਾ ਹੈ ਕਿ ਸੱਚੇ ਪਾਤਸ਼ਾਹ ਮੈਂ ਤੇਰਾ, ਮੈਂ ਤੇਰਾ, ਸੀਸ ਹਾਜ਼ਿਰ ਹੈ | ਸਾਧ ਸੰਗਤ ਜੀ ਉਸ ਪ੍ਰੇਮ ਦੇ ਵਿੱਚ ਪੰਜ ਨਿਤਰੇ ਹਨ| ਇਹ ਪਹਿਲੀ ਵਾਰੀ ਇਸ ਜੁਗ ਦੇ ਵਿੱਚ ਹੋਇਆ ਹੈ ਕਿ ਭਗੌਤੀ ਦੀ ਇੱਕ ਚੋਟ ਦੇ ਨਾਲ ਨਿਰੰਕਾਰ ਨੇ ਪੰਜ ਭਗਤਾਂ ਨੂੰ ਪ੍ਰਗਟ ਕੀਤਾ ਹੋਵੇ | ਕੀ ਖੇਡ ਖੇਡਿਆ ਸਾਹਿਬ ਨੇ ? ਫੁਰਮਾ ਦਿੱਤਾ ਹੈ,

ਸਾਚੁ ਕਹੌਂ ਸੁਨ ਲੇਹੁ ਸਭੈ

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ||

'ਸਾਚੁ ਕਹੋਂ' ਇਹ ਸਾਰੇ ਸੱਚਾਂ ਵਿੱਚੋਂ ਜਿਹੜਾ ਮਹਾਨ ਸੱਚ ਹੈ ਉਹ ਦੱਸ ਰਿਹਾ ਹਾਂ ਕਿ

"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ"

ਜਿਨ੍ਹਾਂ ਨੇ ਉਸ ਪ੍ਰੇਮ ਸਰੂਪ ਨਿਰੰਕਾਰ ਨਾਲ ਪ੍ਰੇਮ ਕੀਤਾ

ਹੈ| ਉਸ ਪ੍ਰੇਮ ਤਤ, ਉਸ ਪ੍ਰੇਮ-ਮੂਲ ਦੇ ਵਿੱਚ ਸਿਰਫ ਪ੍ਰੇਮੀ ਹੀ ਜਾ ਸਕਦਾ ਹੈ | "ਤਿਨ ਹੀ ਪ੍ਰਭ ਪਾਇਓ" ਸਿਰਫ ਪ੍ਰੇਮ ਨਾਲ ਹੀ ਉਸ ਪ੍ਰੇਮ ਨਾਲ ਅਭੇਦਤਾ ਹੋ ਸਕਦੀ ਹੈ | ਉਸ ਵੇਲੇ ਪ੍ਰੇਮ ਦੇ ਅਰਥ ਸਮਝ ਆਏ ਹਨ ਕਿ ਜਿਹੜਾ ਆਪਣਾ ਸਭ ਕੁੱਝ ਆਪਣੇ ਸਾਹਿਬ ਸਤਿਗੁਰੂ ਦੇ ਉੱਤੇ ਕੁਰਬਾਨ ਕਰ ਦੇਵੇ, ਉਹ ਪ੍ਰੇਮ ਹੈ |

ਪਰ ਧਰਮ ਚਲਾਣ ਵਾਸਤੇ ਜੋ ਸਾਹਿਬ ਨੇ ਰਸਤਾ ਅਪਣਾਇਆ ਹੈ ਜਿਸ ਗੁਰੂ ਨਾਨਕ ਨਿਰੰਕਾਰ ਦੀ ਨਿਮਰਤਾ ਵਿੱਚ ਦਸਮੇਸ਼ ਪਿਤਾ ਜੀ ਵਰਤੇ ਹਨ ਕਮਾਲ ਹੀ ਕਰ ਦਿੱਤੀ ਹੈ | ਜਿਸ ਵਕਤ ਸਾਹਿਬ ਖੇਡ ਖੇਡਦੇ ਹੋਏ ਆਪਣਾ ਸਰਬੰਸ ਲੁਟਾ ਕੇ, ਸਭ ਨੂੰ ਨਿਛਾਵਰ ਕਰਕੇ ਫਿਰ ਦਮਦਮਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੁਬਾਰਾ ਲਿਖਵਾਇਆ ਹੈ | ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਪੂਰੀ ਬਾਣੀ ਚੜ੍ਹਾਈ ਹੈ ਪਰ ਸੱਚੇ ਪਾਤਸ਼ਾਹ ਨੇ ਰੱਤੀ ਭਰ ਮਾਣ ਨਹੀਂ ਲਿਆ | ਆਪਣੇ ਆਪ ਦੀ ਗੁਰੂ ਨਾਨਕ ਨਾਲ ਤੁਲਨਾ ਨਹੀਂ ਕੀਤੀ, ਆਪਣੀ ਬਾਣੀ ਉਚਾਰ ਚੁੱਕੇ ਸਨ, ਕੀ ਮਜਾਲ ਹੈ ਕਿ ਇੱਕ ਸ਼ਬਦ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚੜ੍ਹਾਇਆ ਹੋਵੇ, ਆਪਣੀ ਬਾਣੀ ਦੀ ਗੁਰੂ ਨਾਨਕ ਦੀ ਬਾਣੀ ਨਾਲ ਤੁਲਨਾਂ ਨਹੀਂ ਕੀਤੀ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੁਕੰਮਲ ਕਰਕੇ, ਸਭ ਕੁੱਝ ਨਿਛਾਵਰ ਕਰ ਚੁੱਕੇ ਹਨ, ਉਹ ਆਪਣਾ ਮਹਾਨ ਮਿਸ਼ਨ ਪੂਰਾ ਕਰ ਚੁੱਕੇ ਹਨ | ਇਹ ਧਰਮ ਕੀ ਹੈ ? ਨਿਰੰਕਾਰ ਪ੍ਰੇਮ ਹੀ ਪ੍ਰੇਮ ਹੈ, ਉਸਦਾ ਧਰਮ ਵੀ ਪ੍ਰੇਮ ਹੈ | ਸਾਧ ਸੰਗਤ ਜੀ ਜਿਸ ਪ੍ਰੇਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਧਾਰਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰੇਮ ਹੀ ਪ੍ਰੇਮ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ

ਵਿੱਚ ਸਾਰੇ ਧਰਮਾਂ ਦਾ, ਸਾਰੇ ਮਜ਼੍ਹਬਾਂ ਦਾ, ਪ੍ਰੇਮ ਦਾ ਨਿਚੋੜ ਕੱਢ ਕੇ ਇਸ ਸੋਮੇਂ ਵਿੱਚ ਭਰ ਦਿੱਤਾ ਹੈ|

ਇਸ ਸੋਮੇਂ ਦੇ ਵਿੱਚ ਉਸ ਸੱਚ ਅਤੇ ਪ੍ਰੇਮ ਨੂੰ ਸਾਰੇ ਧਰਮਾਂ, ਚਾਰੇ ਮਜ਼੍ਹਬਾਂ ਵਾਸਤੇ, ਉਸ ਪ੍ਰਕਾਸ਼ ਦੇ ਦਰਵਾਜੇ ਖੋਲ੍ਹ ਦਿੱਤੇ ਹਨ | ਉਹ ਪ੍ਰਕਾਸ਼ ਵੀ ਸਭ ਤੋਂ ਨੀਵੇ ਅਸਥਾਨ ਤੋਂ ਚਾਰੋ ਪਾਸੇ, ਫੈਲ ਰਿਹਾ ਹੈ | ਜਿਹੜਾ ਸੂਰਜ ਹੈ ਉਹ ਦੁਨੀਆਂ ਦੇ ਉੱਤੇ ਚਮਕਦਾ ਹੈ ਪਰ ਇਹ ਜਿਹੜਾ ਸੂਰਜ ਹੈ ਉਦਯ ਹੁੰਦਾ ਹੈ ਸਭ ਤੋਂ ਨੀਵੇਂ ਅਸਥਾਨ ਤੋਂ | ਗੁਰੂ ਨਾਨਕ ਪਾਤਸ਼ਾਹ ਦਾ ਨਿਮਰਤਾ ਦਾ ਸੂਰਜ, ਸਭ ਤੋਂ ਨੀਵੇ ਅਸਥਾਨ ਹਰਿੰਮਦਰ ਸਾਹਿਬ ਤੋਂ ਉਦਯ ਹੁੰਦਾ ਹੈ|

ਸਾਧ ਸੰਗਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੁਕੰਮਲ ਕੀਤਾ ਹੈ ਅਤੇ ਸਾਹਿਬ ਜਿਸ ਵੇਲੇ ਗੁਰਗੱਦੀ ਤੇ ਬਿਰਾਜਮਾਨ ਕਰਦੇ ਹਨ ਉਸੇ ਵੇਲੇ ਸਾਹਿਬ ਫਿਰ ਲਾਂਭ੍ਹੇ ਖੜ੍ਹੇ ਹੋ ਗਏ ਹਨ, ਜਿਸ ਤਰ੍ਹਾਂ ਗੁਰੂ ਅਰਜਨ ਪਾਤਸ਼ਾਹ ਲਾਂਭ੍ਹੇ ਖੜ੍ਹੇ ਹੋ ਕੇ ਹਿੱਸਾ ਪਾਇਆ ਹੈ, ਜਿਸ ਤਰ੍ਹਾ ਫਿਰ ਉਹ ਪ੍ਰੇਮ ਦੇ ਅਖੰਡ ਸਜਦੇ ਵਿੱਚ ਆਪਣਾ ਹਿੱਸਾ ਪਾਇਆ ਹੈ, ਜਿਸ ਤਰ੍ਹਾ ਆਪ ਉਹਦੇ ਵਿੱਚ ਸ਼ਾਮਿਲ ਹੋਏ ਹਨ ਪਰ ਕਿਸ ਅਵਸਥਾ ਦੇ ਵਿੱਚ, ਕਿਸ ਤਰ੍ਹਾਂ ਸਾਹਿਬ ਸੱਚਖੰਡ ਹਜ਼ੂਰ ਸਾਹਿਬ ਪਹੁੰਚਦੇ ਹਨ ਤੇ ਫਿਰ ਜਿਹੜਾ ਖੇਡ ਉੱਥੇ ਖੇਡਿਆ ਹੈ ਸਾਧ ਸੰਗਤ ਜੀ “ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਜ ਸਜਾਈ ਹੈ ਪ੍ਰਕਾਸ਼ ਕੀਤਾ ਹੈ, ਚੌਰ ਕੀਤੀ ਹੈ, ਪਰਿਕਰਮਾ ਕੀਤੀ ਹੈ ਫਿਰ ਚਰਨਾਂ ਦੇ ਵਿੱਚ ਲਾਂਭ੍ਹੇ ਖੜ੍ਹੇ ਹੋ ਗਏ ਹਨ | ਲਾਂਭ੍ਹੇ ਖੜ੍ਹੇ ਹੋ ਕੇ, ਆਪਣਾ ਸਭ ਕੁੱਝ ਸੌਂਪ ਚੁੱਕੇ ਹਨ, ਸਭ ਕੁੱਝ ਨਿਛਾਵਰ ਕਰ ਚੁੱਕੇ ਹਨ, ਸਭ ਕੁੱਝ ਸਮੇਟ ਲਿਆ ਹੈ ਅਤੇ ਫਿਰ ਜਦੋਂ ਸਜਦਾ ਕਰਦੇ ਹਨ, ਸਾਧ ਸੰਗਤ

ਜੀ ਉਸ ਵੇਲੇ ਦਾ ਇੱਕ ਮੰਜ਼ਰ ਜੋ ਪਿਤਾ ਜੀ ਨੇ ਦੱਸਿਆ ਹੈ ਮੈਂ ਆਪ ਦੇ ਨਾਲ ਸਾਂਝਾ ਕਰਦਾ ਹਾਂ |

ਕਹਿਣ ਲੱਗੇ ਕਿ ਬਾਬੇ ਦਰਸ਼ਨ ਕਰਵਾ ਰਹੇ ਹਨ ਕਿ ਕਿਸ ਤਰ੍ਹਾਂ ਦਸ਼ਮੇਸ਼ ਪਿਤਾ ਪ੍ਰੇਮ ਆਹੂਤੀਆਂ ਵਿੱਚ ਆਪਣਾ ਸੱਭ ਕੁੱਝ ਨਿਛਾਵਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਜਿਸ ਵੇਲੇ ਸਜਦਾ ਕਰਦੇ ਹਨ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਹ ਧੁਨੀਆਂ ਗੂੰਜ ਰਹੀਆਂ ਹਨ|

ਪੋਥੀ ਪਰਮੇਸਰ ਕਾ ਥਾਨੁ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1226)*

ਵਾਹੁ ਵਾਹੁ ਬਾਣੀ ਨਿਰੰਕਾਰ ਹੈ

ਤਿਸ ਜੇਵਡੁ ਅਵਰੁ ਨ ਕੋਇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-515)*

ਪਰਮੇਸਰ ਅਤੇ ਨਿਰੰਕਾਰ ਦੀਆਂ ਧੁਨੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰੂ ਅਰਜਨ ਪਾਤਸ਼ਾਹ ਵਲੋਂ ਗੂੰਜ ਰਹੀਆਂ ਹਨ | ਦਸਮੇਸ਼ ਪਿਤਾ ਹੱਥ ਜੋੜ ਕੇ ਉਸ ਵੇਲੇ ਚਰਨਾਂ ਵਿੱਚ ਖੜ੍ਹੇ ਹਨ | ਫਿਰ ਆਪਣਾ ਮਸਤਕ ਟੇਕਦੇ ਹਨ, ਕਹਿਣ ਲੱਗੇ ਦੇ ਉਸ ਵੇਲੇ ਕੀ ਧੁਨੀ ਆ ਰਹੀ ਹੈ ਦਸਮੇਸ਼ ਪਿਤਾ ਵਿੱਚੋਂ, ਕੀ ਆਵਾਜ਼ ਆ ਰਹੀ ਹੈ ?

ਜੋ ਹਮ ਕੋ ਪਰਮੇਸਰ ਉਚਰਿ ਹੈ ||

ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ||

ਉਸ ਤਰਫੋਂ ਧੁਨੀ ਆ ਰਹੀ ਹੈ ਪੋਥੀ ਪਰਮੇਸਰ ਕਾ ਥਾਨੁ,

ਫਿਰ ਉਸ ਨਿਰੰਕਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਆਪਣੇ ਆਪ ਨੂੰ ਕੀ ਕਹਿ ਰਹੇ ਹਨ,

"ਜੋ ਹਮ ਕੋ ਪਰਮੇਸਰ ਉਚਰਿ ਹੈਂ ||

ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ||"

ਸਾਧ ਸੰਗਤ ਜੀ ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਕਿ ਜੇ ਗੁਰੂ ਗੋਬਿੰਦ ਸਾਹਿਬ ਨੂੰ ਨਿਰੰਕਾਰ ਕਹਿਣ ਦੇ ਨਾਲ ਨਰਕ ਭੋਗਣੇ ਪੈਂਦੇ ਹਨ ਤਾਂ ਅਸੀਂ ਉਹ ਨਰਕ ਭੋਗਣ ਨੂੰ ਤਿਆਰ ਹਾਂ| ਫਿਰ ਥੋੜ੍ਹੇ ਹੀ ਵਕਤ ਤੋਂ ਬਾਅਦ ਸਾਹਿਬ ਅਲੋਪ ਹੋ ਗਏ ਹਨ |

ਕਿਸ ਤਰ੍ਹਾਂ ਆਪਣੇ ਆਪ ਨੂੰ, ਉਸ ਪ੍ਰੇਮ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਜਿਹੜੇ ਇਹ ਕਲਿਜੁਗ ਕੇ ਬੋਹਿਥ, ਨਾਮ ਕੇ ਜਹਾਜ, ਹਲਤ ਪਲਤ ਕੇ ਰੱਖਿਅਕ, ਲੋਕ ਪਰਲੋਕ ਕੇ ਸਹਾਇਕ, ਹਲਤ ਪਲਤ ਦਾ ਰੱਖਿਅਕ ਕੌਣ ਹੋ ਸਕਦਾ ਹੈ, 'ਨਿਰੰਕਾਰ' ਲੋਕ ਪ੍ਰਲੋਕ ਕੇ ਸਹਾਇਕ, 'ਨਿਰੰਕਾਰ' ਦਸਾਂ ਪਾਤਸ਼ਾਹੀਆਂ ਦੀ ਹਾਜ਼ਰ ਨਾਜ਼ਰ ਜਾਗਦੀ ਜੋਤ, ਹਨ| ਦਸਵੇਂ ਪਾਤਸ਼ਾਹ ਵੀ ਉੱਥੇ ਹੀ ਬਿਰਾਜਮਾਨ ਹਨ ਉਸ ਜਾਗਦੀ ਜੋਤ ਦੇ ਵਿੱਚ, ਉਸਦਾ ਹੀ ਹਿੱਸਾ ਹਨ, ਨਿਰੰਕਾਰ ਦਾ ਹੀ ਹਿੱਸਾ ਹਨ, ਜਿਸ ਨਿਰੰਕਾਰ ਵਿੱਚੋਂ ਸਾਹਿਬ ਉਤਪਨ ਹੋਏ ਹਨ, ਜਿਸਦੇ ਵਿੱਚੋਂ ਦੋ ਸਰੂਪ ਹੋਏ ਸੀ ਅੱਜ ਉਸੇ ਨਿਰੰਕਾਰ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਹੋ ਗਏ |

ਸਾਧ ਸੰਗਤ ਜੀ ਇਹ 300 ਸਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ ਹੋਇਆ ਹੈ, ਜੋ ਅਨਭਵੀ ਪ੍ਰਕਾਸ਼, ਦਸੋਂ ਪਾਤਸ਼ਾਹੀਆਂ ਨੇ ਜੋ ਕੁੱਝ ਖੇਡ, ਖੇਡੇ ਹਨ ਸਭ ਕੁੱਝ

ਆਪਣਾ ਕੁਰਬਾਨ ਕੀਤਾ ਹੈ ਉਹ ਆਪਣੀ ਪੂਰੀ ਸਿੱਖਿਆ ਜੋ ਸਾਨੂੰ ਦਿੱਤੀ ਹੈ ਉਹ ਪੂਰੀ ਦੀ ਪੂਰੀ ਸਿਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ| ਉਹ ਸਾਰੇ ਦਾ ਸਾਰਾ ਪ੍ਰਕਾਸ਼ ਸਾਨੂੰ ਦੇ ਗਈਆਂ ਹਨ| ਇਹ ਸਾਡੀ ਝੋਲੀ ਵਿੱਚ ਪਾ ਗਈਆਂ ਹਨ ਅਤੇ ਦਸੋਂ ਪਾਤਸ਼ਾਹੀਆਂ ਸਾਡੇ ਸਾਹਮਣੇ ਬਿਰਾਜਮਾਨ ਹਨ|

**ਗੁਰੂ ਨਾਨਕ ਦਾਤਾ ਬਖਸ਼ ਲੈ |**

**ਬਾਬਾ ਨਾਨਕ ਬਖਸ਼ ਲੈ ||**